BC Epilepsy Society

## **ਬੀ ਸੀ ਦੀ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) 'ਤੇ ਇਕ ਸੰਖੇਪ ਝਾਤ (An Overview of the Medical Services Plan of BC (MSP))**

ਹੈਲਥ ਇਨਸ਼ੋਰੈਂਸ ਬੀ ਸੀ (ਐੱਚ ਆਈ ਬੀ ਸੀ) ਸੂਬਾ ਸਰਕਾਰ ਦੀ ਤਰਫੋਂ ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ) ਅਤੇ ਫਾਰਮਾਕੇਅਰ ਪ੍ਰੋਗਰਾਮਾਂ ਨੂੰ ਚਲਾਉਂਦੀ ਹੈ। ਐੱਮ ਐੱਸ ਪੀ ਡਾਕਟਰੀ ਸੇਵਾਵਾਂ ਲਈ ਕਵਰੇਜ ਪ੍ਰਦਾਨ ਕਰਦੀ ਹੈ ਅਤੇ ਫਾਰਮਾਕੇਅਰ ਡਾਕਟਰ ਦੀ ਪਰਚੀ ਨਾਲ ਮਿਲਣ ਵਾਲੀਆਂ ਕੁਝ ਦਵਾਈਆਂ ਦੇ ਖਰਚਿਆਂ ਅਤੇ ਮੈਡੀਕਲ ਸਪਲਾਈ ਵਿਚ ਮਾਇਕ ਸਹਾਇਤਾ ਪ੍ਰਦਾਨ ਕਰਦੀ ਹੈ। ਅੱਗੇ ਐੱਮ ਐੱਸ ਪੀ ਬਾਰੇ ਜਾਣਕਾਰੀ ਦਿੱਤੀ ਗਈ ਹੈ। ਬੀ ਸੀ ਫਾਰਮਾਕੇਅਰ ਬਾਰੇ ਜਾਣਕਾਰੀ ਲੈਣ ਲਈ ਕਿਰਪਾ ਕਰਕੇ ਸਾਡੀ ਜਾਣਕਾਰੀ ਸ਼ੀਟ *ਬੀ ਸੀ ਫਾਰਮਾਕੇਅਰ* ਦੇਖੋ।

### **ਮੈਡੀਕਲ ਸਰਵਿਸਿਜ਼ ਪਲੈਨ (ਐੱਮ ਐੱਸ ਪੀ)**

ਐੱਮ ਐੱਸ ਪੀ ਡਾਕਟਰਾਂ ਵਲੋਂ ਅਤੇ ਹੈਲਥਕੇਅਰ ਦੇ ਹੋਰ ਪ੍ਰੈਕਟੀਸ਼ਨਰਾਂ ਵਲੋਂ ਮੈਡੀਕਲ ਤੌਰ 'ਤੇ ਲੋੜੀਂਦੀਆਂ ਸੇਵਾਵਾਂ ਦਾ ਖਰਚਾ ਦੇਣ ਦੇ ਨਾਲ ਨਾਲ, ਲੈਬਾਰਟਰੀ ਸੇਵਾਵਾਂ ਅਤੇ ਰੋਗ ਦੀ ਪਛਾਣ ਕਰਨ ਦੇ ਟੈੱਸਟਾਂ ਦਾ ਖਰਚਾ ਦਿੰਦੀ ਹੈ।

ਯੋਗ ਹੋਣ ਲਈ ਤੁਹਾਡਾ ਕੈਨੇਡਾ ਦੇ ਸਿਟੀਜ਼ਨ, ਬੀ ਸੀ ਦੇ ਵਸਨੀਕ ਹੋਣਾ ਜ਼ਰੂਰੀ ਹੈ, ਅਤੇ ਇਕ ਕਲੰਡਰ ਸਾਲ ਵਿਚ ਬੀ ਸੀ ਵਿਚ ਘੱਟੋ ਘੱਟ ਛੇ ਮਹੀਨਿਆਂ ਤੋਂ ਰਹਿੰਦੇ ਹੋਣਾ ਜ਼ਰੂਰੀ ਹੈ, ਜਾਂ ਜੇ ਤੁਸੀਂ ਨਵੇਂ ਵਸਨੀਕ ਹੋ ਜਾਂ ਬੀ ਸੀ ਦੀ ਰਿਹਾਇਸ਼ ਮੁੜ ਕੇ ਸਥਾਪਤ ਕਰ ਰਹੇ ਹੋ ਤਾਂ ਘੱਟੋ ਘੱਟ ਤਿੰਨ ਮਹੀਨਿਆਂ ਤੋਂ ਰਹਿੰਦੇ ਹੋਣਾ ਜ਼ਰੂਰੀ ਹੈ। ਬੀ ਸੀ ਦੇ ਵਸਨੀਕਾਂ ਲਈ ਕਾਨੂੰਨੀ ਤੌਰ 'ਤੇ ਆਪਣੇ ਆਪ ਨੂੰ ਅਤੇ ਆਪਣੇ 'ਤੇ ਨਿਰਭਰਾਂ ਨੂੰ ਐੱਮ ਐੱਸ ਪੀ ਵਿਚ ਦਰਜ ਕਰਵਾਉਣਾ ਜ਼ਰੂਰੀ ਹੈ ਅਤੇ ਜੇ ਲੋੜ ਹੋਵੇ ਤਾਂ ਮਹੀਨਾਵਾਰ ਪ੍ਰੀਮੀਅਮ ਦੇਣਾ ਜ਼ਰੂਰੀ ਹੈ। ਐੱਮ ਐੱਸ ਪੀ ਵਿਚ ਦਰਜ ਹੋਏ ਬੀ ਸੀ ਦੇ ਹਰ ਵਸਨੀਕ ਨੂੰ ਇਕ ਕੇਅਰਕਾਰਡ ਅਤੇ ਨਿੱਜੀ ਸਿਹਤ ਨੰਬਰ ਦਿੱਤਾ ਜਾਂਦਾ ਹੈ। ਦਰਜ ਹੋਣ ਲਈ ਅਰਜ਼ੀ www.health.gov.bc.ca/exforms/msp.html 'ਤੇ ਲਈ ਜਾ ਸਕਦੀ ਹੈ ਜਾਂ ਐੱਚ ਆਈ ਬੀ ਸੀ ਨੂੰ 604-683-7151 'ਤੇ ਜਾਂ 1-800-663-7100 'ਤੇ ਫੋਨ ਕਰਕੇ ਡਾਕ ਰਾਹੀਂ ਮੰਗਵਾਈ ਜਾ ਸਕਦੀ ਹੈ।

ਪ੍ਰੀਮੀਅਮ ਰੇਟ ਪਰਿਵਾਰ ਦੇ ਆਕਾਰ ਅਤੇ ਆਮਦਨ ਮੁਤਾਬਕ ਵੱਖ ਵੱਖ ਹੁੰਦੇ ਹਨ। ਇਹ ਸਿੱਧੇ ਤਾਰੇ ਜਾ ਸਕਦੇ ਹਨ, ਜਾਂ ਤਨਖਾਹ ਜਾਂ ਪੈਨਸ਼ਨ ਵਿਚੋਂ ਕਟੌਤੀਆਂ ਕਰਵਾ ਕੇ ਦਿੱਤੇ ਜਾ ਸਕਦੇ ਹਨ। ਮਾਇਕ ਲੋੜ ਵਾਲਿਆਂ ਨੂੰ ਪ੍ਰੀਮੀਅਮਾਂ ਦੀ ਅਦਾਇਗੀ ਵਿਚ ਮਦਦ ਮਿਲਦੀ ਹੈ। ਤੁਹਾਡੀ ਹੱਕਦਾਰੀ ਦੇ ਮੁਤਾਬਕ, ਐੱਮ ਐੱਸ ਪੀ ਫਿਜ਼ੀਓਥੈਰੇਪੀ, ਮਸਾਜ ਥੈਰੇਪੀ, ਆਕੂਪੰਕਚਰ, ਅਤੇ ਹੋਰ ਇਲਾਜਾਂ ਲਈ ਪੂਰੀ ਜਾਂ ਅੰਸ਼ਿਕ ਕਵਰੇਜ ਵੀ ਪ੍ਰਦਾਨ ਕਰ ਸਕਦੀ ਹੈ।

#### ***ਐੱਮ ਐੱਸ ਪੀ ਅੱਗੇ ਲਿਖਿਆਂ ਲਈ ਕਵਰੇਜ ਦਿੰਦੀ ਹੈ:***

- ਕਿਸੇ ਡਾਕਟਰ ਜਾਂ ਸਪੈਸ਼ਲਿਸਟ ਦੀਆਂ ਮੈਡੀਕਲ ਤੌਰ 'ਤੇ ਲੋੜੀਂਦੀਆ ਸੇਵਾਵਾਂ (ਜਦੋਂ ਕਿਸੇ ਸਪੈਸ਼ਲਿਸਟ ਕੋਲ ਡਾਕਟਰ ਵਲੋਂ ਭੇਜਿਆ ਜਾਂਦਾ ਹੈ)
- ਰੋਗ ਦੀ ਪਛਾਣ ਕਰਨ ਵਾਲੇ ਐਕਸਰੇ ਅਤੇ ਲੈਬਾਰਟਰੀ ਸੇਵਾਵਾਂ ਜਦੋਂ ਇਹ ਕਿਸੇ ਡਾਕਟਰ, ਪੈਰਾਂ ਦੇ ਮਾਹਰ ਡਾਕਟਰ (ਪੌਡੀਐਟਰਿਸਟ), ਦੰਦਾਂ ਦੇ ਸਰਜਨ, ਜਾਂ ਮੂੰਹ ਦੇ ਸਰਜਨ ਵਲੋਂ ਆਰਡਰ ਕੀਤੀਆਂ ਜਾਂਦੀਆਂ ਹਨ
- ਕਿਸੇ ਡਾਕਟਰ ਜਾਂ ਸਪੈਸ਼ਲਿਸਟ (ਜਦੋਂ ਕਿਸੇ ਡਾਕਟਰ ਵਲੋਂ ਭੇਜਿਆ ਜਾਂਦਾ ਹੈ) ਵਲੋਂ ਜਣੇਪੇ ਦੀ ਸੰਭਾਲ
- ਦੰਦਾਂ ਅਤੇ ਮੂੰਹ ਦੀ ਸਰਜਰੀ ਜਦੋਂ ਮੈਡੀਕਲ ਤੌਰ 'ਤੇ ਹਸਪਤਾਲ ਵਿਚ ਕਰਨ ਦੀ ਲੋੜ ਹੁੰਦੀ ਹੈ
- ਪੈਰਾਂ ਦਾ ਅਪਰੇਸ਼ਨ

#### ***ਐੱਮ ਐੱਸ ਪੀ ਅੱਗੇ ਲਿਖਿਆਂ ਲਈ ਕਵਰੇਜ ਨਹੀਂ ਦਿੰਦੀ:***

- ਉਹ ਸੇਵਾਵਾਂ ਜਿਹੜੀਆਂ ਮੈਡੀਕਲ ਤੌਰ 'ਤੇ ਜ਼ਰੂਰੀ ਨਹੀਂ ਸਮਝੀਆਂ ਜਾਂਦੀਆਂ ਜਿਵੇਂ ਕਿ ਕੌਸਮੈਟਿਕ (ਸੁੰਦਰਤਾ) ਲਈ ਸਰਜਰੀ
- ਨੇਮ ਨਾਲ ਸਰੀਰਕ ਜਾਂਚ ਜਿਹੜੀ ਮੈਡੀਕਲ ਲੋੜ ਤੋਂ ਬਿਨਾਂ ਹੋਰ ਕਾਰਨਾਂ ਲਈ ਕੀਤੀ ਜਾਂਦੀ ਹੈ
- ਰੋਕਥਾਮ ਕਰਨ ਵਾਲੀਆਂ ਸੇਵਾਵਾਂ ਅਤੇ ਜਾਂਚ ਲਈ ਟੈੱਸਟ ਜਿਨ੍ਹਾਂ ਦੀ ਹਿਮਾਇਤ ਮੈਡੀਕਲ ਅਸਰਦਾਇਕਤਾ ਦੇ ਸਬੂਤਾਂ ਵਲੋਂ ਨਹੀਂ ਕੀਤੀ ਜਾਂਦੀ

- ਅੱਗੇ ਲਿਖਿਆਂ ਲਈ ਲੋੜੀਂਦੀ ਮੈਡੀਕਲ ਜਾਂਚ, ਸਰਟੀਫਿਕੇਟ ਜਾਂ ਟੈੱਸਟ: ਮੋਟਰ ਗੱਡੀ ਚਲਾਉਣ ਲਈ, ਰੁਜ਼ਗਾਰ ਲਈ, ਲਾਈਫ ਇਨਸ਼ੋਰੈਂਸ ਲਈ, ਸਕੂਲ, ਮਨੋਰੰਜਨ ਅਤੇ ਖੇਡਾਂ ਦੀਆਂ ਸਰਗਰਮੀਆਂ ਲਈ ਅਤੇ ਇਮੀਗਰੇਸ਼ਨ ਦੇ ਮੰਤਵਾਂ ਲਈ
- ਐਨਕਾਂ, ਸੁਣਨ ਯੰਤਰ ਅਤੇ ਹੋਰ ਸਾਜ਼-ਸਾਮਾਨ ਜਾਂ ਅਪਲਾਇੰਸਿਜ਼
- ਦੰਦਾਂ ਨੂੰ ਠੀਕ ਕਰਨ ਦਾ ਜਾਂ ਹੋਰ ਕੰਮ ਜੋ ਕਿ ਦੰਦਾਂ ਦੇ ਡਾਕਟਰ ਦੇ ਦਫਤਰ ਵਿਚ ਕੀਤਾ ਜਾਂਦਾ ਹੈ
- ਕੌਂਸਲਰਾਂ ਜਾਂ ਸਾਇਕੋਲੋਜਿਸਟਾਂ ਦੀਆਂ ਸੇਵਾਵਾਂ
- 19 ਤੋਂ 64 ਸਾਲ ਦੀ ਉਮਰ ਦੇ ਵਿਅਕਤੀਆਂ ਦੀਆਂ ਅੱਖਾਂ ਦੇ ਟੈੱਸਟ
- ਉਨ੍ਹਾਂ ਵਿਅਕਤੀਆਂ ਲਈ ਕੈਰੋਪਰੈਕਟਿਕ, ਫਿਜ਼ੀਓਥੈਰੇਪੀ, ਨੈਚਰੋਪੈਥੀ, ਮਸਾਜ ਥੈਰੇਪੀ (ਮਾਲਸ਼ ਨਾਲ ਇਲਾਜ), ਆਕੂਪੰਕਚਰ, ਅਤੇ ਗੈਰ-ਸਰਜਰੀ ਵਾਲੀਆਂ ਪੈਰਾਂ ਦੀਆਂ ਸੇਵਾਵਾਂ ਜਿਨ੍ਹਾਂ ਨੂੰ ਪ੍ਰੀਮੀਅਮ ਅਸਿਸਟੈਂਸ (ਸਹਾਇਤਾ) ਨਹੀਂ ਮਿਲ ਰਹੀ

## ਪ੍ਰੀਮੀਅਮ ਅਸਿਸਟੈਂਸ ਕੀ ਹੈ?

ਪ੍ਰੀਮੀਅਮ ਅਸਿਸਟੈਂਸ ਦੇ ਦੋ ਪ੍ਰੋਗਰਾਮ ਹਨ ਜੋ ਮਾਇਕ ਲੋੜ ਵਾਲਿਆਂ ਨੂੰ ਸਬਸਿਡੀਆਂ ਪ੍ਰਦਾਨ ਕਰਦੇ ਹਨ: ਰੈਗੂਲਰ ਪ੍ਰੀਮੀਅਮ ਅਸਿਸਟੈਂਸ ਅਤੇ ਟੈਂਪਰੇਰੀ ਪ੍ਰੀਮੀਅਮ ਅਸਿਸਟੈਂਸ

### *ਰੈਗੂਲਰ ਪ੍ਰੀਮੀਅਮ ਅਸਿਸਟੈਂਸ*

ਰੈਗੂਲਰ ਪ੍ਰੀਮੀਅਮ ਅਸਿਸਟੈਂਸ 20 ਤੋਂ 100 ਫੀ ਸਦੀ ਤੱਕ ਸਬਸਿਡੀ ਪ੍ਰਦਾਨ ਕਰਦੀ ਹੈ ਜੋ ਕਿ ਪਿਛਲੇ ਸਾਲ ਦੇ ਟੈਕਸ ਸਾਲ ਲਈ ਕੁੱਲ ਆਮਦਨ, ਮਨਫੀ ਉਮਰ, ਪਰਿਵਾਰ ਦੇ ਆਕਾਰ, ਅਤੇ ਡਿਸਏਬਿਲਟੀ ਲਈ ਕਟੌਤੀਆਂ 'ਤੇ ਆਧਾਰਿਤ ਹੁੰਦੀ ਹੈ। ਬਾਕੀ ਬਚਦੀ ਰਕਮ ਨੂੰ "ਅਡਜਸਟਿਡ ਨੈੱਟ ਇਨਕਮ" ਆਖਿਆ ਜਾਂਦਾ ਹੈ। ਜੇ ਇਹ "ਅਡਜਸਟਿਡ ਨੈੱਟ ਇਨਕਮ" 30,000 ਡਾਲਰ ਤੋਂ ਘੱਟ ਹੈ ਤਾਂ ਸਬਸਿਡੀ ਉਪਲਬਧ ਹੈ। ਜੇ ਤੁਸੀਂ ਇਹ ਯਕੀਨ ਕਰਦੇ ਹੋਵੋ ਕਿ ਤੁਸੀਂ ਇਨ੍ਹਾਂ ਸਾਲਾਂ ਵਿਚ ਅਸਿਸਟੈਂਸ (ਸਹਾਇਤਾ) ਲਈ ਹੱਕਦਾਰ ਸੀ ਪਰ ਤੁਸੀਂ ਅਰਜ਼ੀ ਨਹੀਂ ਭਰੀ ਤਾਂ ਐੱਮ ਐੱਸ ਪੀ ਨਾਲ ਸੰਪਰਕ ਕਰੋ। ਤੁਸੀਂ ਪੈਸੇ ਵਾਪਸ ਲੈਣ ਦੇ ਯੋਗ ਹੋ ਸਕਦੇ ਹੋ।

ਐੱਮ ਐੱਸ ਪੀ ਉਨ੍ਹਾਂ ਲਈ ਅੱਗੇ ਲਿਖੀਆਂ ਸੇਵਾਵਾਂ ਨੂੰ ਅੰਸ਼ਕ ਰੂਪ ਵਿਚ ਕਵਰ ਕਰੇਗੀ ਜਿਹੜੇ ਐੱਮ ਐੱਸ ਪੀ ਪ੍ਰੀਮੀਅਮ ਅਸਿਸਟੈਂਸ ਲਈ ਹੱਕਦਾਰ ਹਨ: ਫਿਜ਼ੀਓਥੈਰੇਪੀ, ਕੈਰੋਪਰੈਕਟਿਕ, ਨੈਚਰੋਪੈਥੀ, ਮਸਾਜ ਥੈਰੇਪੀ (ਮਾਲਸ਼ ਨਾਲ ਇਲਾਜ), ਆਕੂਪੰਕਚਰ, ਅਤੇ ਗੈਰ-ਸਰਜਰੀ ਵਾਲੀਆਂ ਪੈਰਾਂ ਦੀਆਂ ਸੇਵਾਵਾਂ ਅਤੇ ਅਜਿਹਾ ਹਰ ਸਾਲ ਰਲਵੀਂਆਂ ਮਿਲਵੀਂਆਂ 10 ਫੇਰੀਆਂ ਤੱਕ ਲਈ ਹੋਵੇਗਾ। ਉਹ 10 ਫੇਰੀਆਂ ਵਿੱਚੋਂ ਹਰ ਇਕ ਫੇਰੀ ਦੇ ਖਰਚੇ ਵਿਚ 23 ਡਾਲਰ ਦੇਣਗੇ।

ਪ੍ਰੀਮੀਅਮ ਅਸਿਸਟੈਂਸ ਲਈ ਹੱਕਦਾਰੀ, ਪ੍ਰੀਮੀਅਮ ਰੇਟਾਂ ਬਾਰੇ ਜ਼ਿਆਦਾ ਜਾਣਨ ਲਈ, ਅਤੇ ਇਹ ਪਤਾ ਲਾਉਣ ਲਈ ਕਿ ਅਪਲਾਈ ਕਿਵੇਂ ਕਰਨਾ ਹੈ, ਕਿਰਪਾ ਕਰਕੇ ਮਨਿਸਟਰੀ ਆਫ ਹੈਲਥ ਦਾ ਇੱਥੇ ਵੈੱਬਸਾਈਟ ਦੇਖੋ:
www.health.gov.bc.ca/msp/infoben/premium.html#assistance

### *ਟੈਂਪਰੇਰੀ ਪ੍ਰੀਮੀਅਮ ਅਸਿਸਟੈਂਸ*

ਇਹ ਪ੍ਰੋਗਰਾਮ ਤੁਹਾਡੇ ਐੱਮ ਐੱਸ ਪੀ ਪ੍ਰੀਮੀਅਮਜ਼ ਨੂੰ ਥੋੜ੍ਹੇ ਸਮੇਂ ਲਈ ਮੁਆਫ ਕਰਦਾ ਹੈ। ਇਹ ਪ੍ਰੋਗਰਾਮ ਉਨ੍ਹਾਂ ਵਿਅਕਤੀਆਂ ਅਤੇ ਪਰਿਵਾਰਾਂ ਦੀ ਮਦਦ ਲਈ ਤਿਆਰ ਕੀਤਾ ਹੋਇਆ ਹੈ ਜਿਹੜੇ ਅਚਾਨਕ ਆਈ ਕਿਸੇ ਅਣਚਿਤਵੀ ਮਾਇਕ ਤੰਗੀ ਕਾਰਨ ਪ੍ਰੀਮੀਅਮ ਦੇਣ ਦੇ ਯੋਗ ਨਹੀਂ ਹਨ ਅਤੇ ਜਿਹੜੇ ਆਪਣੇ ਪਿਛਲੇ ਸਾਲ ਦੀ ਆਮਦਨ ਦੇ ਆਧਾਰ 'ਤੇ ਰੈਗੂਲਰ ਪ੍ਰੀਮੀਅਮ ਅਸਿਸਟੈਂਸ ਲਈ ਹੱਕਦਾਰ ਨਹੀਂ ਹਨ।

ਟੈਂਪਰੇਰੀ ਪ੍ਰੀਮੀਅਮ ਅਸਿਸਟੈਂਸ ਲਈ ਹੱਕਦਾਰੀ ਬਾਰੇ ਜ਼ਿਆਦਾ ਜਾਣਨ ਲਈ, ਅਤੇ ਇਹ ਪਤਾ ਲਾਉਣ ਲਈ ਕਿ ਅਪਲਾਈ ਕਿਵੇਂ ਕਰਨਾ ਹੈ, ਕਿਰਪਾ ਕਰਕੇ ਮਨਿਸਟਰੀ ਆਫ ਫਾਇਨੈਂਸ ਦਾ ਇੱਥੇ ਵੈੱਬਸਾਈਟ ਦੇਖੋ:
www.sbr.gov.bc.ca/individuals/Customer_Service/MSP/faq.htm

## ਸੂਬੇ ਤੋਂ ਬਾਹਰ ਦੇ ਡਾਕਟਰੀ ਇਲਾਜ

- ਐੱਮ ਐੱਸ ਪੀ ਇਨਸ਼ੋਰੈਂਸ ਨਾਲ ਸੰਬੰਧਿਤ ਉਨ੍ਹਾਂ ਕੁਝ ਅਣਚਿਤਵੀਆਂ ਸੇਵਾਵਾਂ ਲਈ ਖਰਚਾ ਦੇਣ ਵਿਚ ਮਦਦ ਕਰੇਗੀ ਜਿਹੜੀਆਂ ਤੁਸੀਂ ਬੀ ਸੀ ਅਤੇ ਕੈਨੇਡਾ ਤੋਂ ਬਾਹਰ ਲੈਂਦੇ ਹੋ ਅਤੇ ਇਨ੍ਹਾਂ ਸੇਵਾਵਾ ਦੀ ਮੈਡੀਕਲ ਤੌਰ 'ਤੇ ਲੋੜ ਹੋਣਾ ਜ਼ਰੂਰੀ ਹੈ ਅਤੇ ਇਹ ਯੋਗਤਾ ਪ੍ਰਾਪਤ ਡਾਕਟਰ ਵਲੋਂ ਦਿੱਤੀਆਂ ਗਈਆਂ ਹੋਣੀਆਂ ਜ਼ਰੂਰੀ ਹਨ। ਪੈਸਿਆਂ ਦੀ ਵਾਪਸੀ ਉਸ ਰਕਮ ਨਾਲੋਂ ਜ਼ਿਆਦਾ ਨਹੀਂ ਹੋਵੇਗੀ ਜਿੰਨੀ ਰਕਮ ਇਹੋ ਸੇਵਾਵਾਂ ਦੇਣ ਲਈ ਸੂਬੇ ਵਿਚ ਦੇਣਯੋਗ ਹੋਣੀ ਸੀ। ਨੋਟ: ਐੱਮ ਐੱਸ ਪੀ ਸੂਬੇ ਤੋਂ ਬਾਹਰ ਡਾਕਟਰਾਂ ਤੋਂ ਇਲਾਵਾ ਹੋਰ ਇਲਾਜ ਕਰਨ ਵਾਲਿਆਂ ਦੀਆਂ ਸੇਵਾਵਾਂ ਨੂੰ ਕਵਰ ਨਹੀਂ ਕਰਦੀ (ਜਿਵੇਂ ਕਿ ਕੈਰੋਪਰੈਕਟਰ ਜਾਂ ਫਿਜ਼ੀਕਲ ਥੈਰਾਪਿਸਟ)। ਬੀ ਸੀ ਦੇ ਵਸਨੀਕਾਂ ਨੂੰ ਇਹ ਜ਼ੋਰਦਾਰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸੂਬੇ ਜਾਂ ਕੈਨੇਡਾ ਤੋਂ ਬਾਹਰ ਸਫਰ ਕਰਨ ਵੇਲੇ ਆਪਣੀ ਮੁਢਲੀ ਕਵਰੇਜ ਵਿਚ ਮਦਦ ਲਈ ਵਾਧੂ ਹੈਲਥ ਇਨਸ਼ੋਰੈਂਸ ਖਰੀਦਣ।

- ਜੇ ਤੁਸੀਂ ਖਾਸ ਤੌਰ 'ਤੇ ਕੋਈ ਡਾਕਟਰੀ ਇਲਾਜ ਕਰਵਾਉਣ ਲਈ ਕੈਨੇਡਾ ਤੋਂ ਬਾਹਰ ਜਾਂਦੇ ਹੋ (ਅਤੇ ਤੁਸੀਂ ਚਾਹੁੰਦੇ ਹੋ ਕਿ ਐੱਮ ਐੱਸ ਪੀ ਇਸ ਦਾ ਖਰਚਾ ਦੇਣ ਵਿਚ ਮਦਦ ਕਰੇ) ਤਾਂ ਬੀ ਸੀ ਵਿਚ ਤੁਹਾਡਾ ਇਲਾਜ ਕਰ ਰਹੇ ਮੈਡੀਕਲ ਸਪੈਸ਼ਲਿਸਟ ਲਈ ਇਲਾਜ ਤੋਂ ਪਹਿਲਾਂ ਕੈਨੇਡਾ ਤੋਂ ਬਾਹਰ ਰੈਫਰਲ ਦੀ ਮੈਡੀਕਲ ਲੋੜ ਬਾਰੇ ਐੱਮ ਐੱਸ ਪੀ ਨੂੰ ਲਿਖਣਾ ਅਤੇ ਜਾਣਕਾਰੀ ਦੇਣਾ ਜ਼ਰੂਰੀ ਹੈ। ਜਿਹੜਾ ਇਲਾਜ ਅਜੇ ਤਜਰਬਾ ਹੀ ਸਮਝਿਆ ਜਾਂਦਾ ਹੈ ਜਾਂ ਅਜੇ ਖੋਜ ਦੇ ਪੱਧਰ 'ਤੇ ਹੀ ਹੁੰਦਾ ਹੈ ਉਹ ਕਵਰੇਜ ਲਈ ਹੱਕਦਾਰ ਨਹੀਂ ਹੈ।

- ਜੇ ਤੁਸੀਂ ਕਿਸੇ ਸਕੂਲ ਜਾਂ ਯੂਨੀਵਰਸਿਟੀ ਜਾਣ ਲਈ ਬੀ ਸੀ ਨੂੰ ਆਰਜ਼ੀ ਤੌਰ 'ਤੇ ਛੱਡ ਕੇ ਜਾਂਦੇ ਹੋ ਤਾਂ ਤੁਸੀਂ ਐੱਮ ਐੱਸ ਪੀ ਕਵਰੇਜ ਲਈ ਹੱਕਦਾਰ ਹੋ ਸਕਦੇ ਹੋ ਜੇ ਤੁਸੀਂ ਕਿਸੇ ਮਾਨਤਾ ਪ੍ਰਾਪਤ ਵਿਦਿਅਕ ਸੰਸਥਾ ਵਿਚ ਫੁੱਲ-ਟਾਈਮ ਪੜ੍ਹਾਈ ਕਰਦੇ ਹੋ। ਇਸ ਦੇ ਨਾਲ ਹੀ ਕੁਝ ਹਾਲਤਾਂ ਵਿਚ, ਵਸਨੀਕ ਸੂਬੇ ਤੋਂ ਆਰਜ਼ੀ ਤੌਰ 'ਤੇ ਬਾਹਰ ਹੋਣ ਵੇਲੇ ਲਗਾਤਾਰ 24 ਮਹੀਨਿਆਂ ਲਈ ਬੈਨੇਫਿਟਸ ਲੈਣ ਦੇ ਯੋਗ ਹੋ ਸਕਦੇ ਹਨ।

**ਜ਼ਰੂਰੀ ਨੋਟ:**

- ਐੱਮ ਐੱਸ ਪੀ ਤੁਹਾਡੇ ਪ੍ਰੀਮੀਅਮ ਦਾ ਹਿਸਾਬ ਤੁਹਾਡੇ ਵਲੋਂ ਦੋ ਸਾਲ ਪਹਿਲਾਂ ਭਰੀ ਗਈ ਟੈਕਸ ਰੀਟਰਨ ਤੋਂ ਕੁੱਲ ਆਮਦਨ ਨੂੰ ਆਧਾਰ ਬਣਾ ਕੇ ਲਾਉਂਦੀ ਹੈ। ਜੇ ਉਸ ਸਮੇਂ ਤੋਂ ਲੈ ਕੇ ਤੁਹਾਡੀ ਮਾਇਕ ਜਾਂ ਫੈਮਿਲੀ ਸਥਿਤੀ ਬਦਲ ਗਈ ਹੈ, ਜਾਂ ਜੇ ਤੁਹਾਡੀ ਟੈਕਸ ਰੀਟਰਨ ਦੁਬਾਰਾ ਅਸੈੱਸ ਕੀਤੀ ਗਈ ਹੈ ਤਾਂ ਐੱਮ ਐੱਸ ਪੀ ਨਾਲ ਸੰਪਰਕ ਕਰੋ। ਜੇ ਤੁਹਾਡੀ ਮਾਇਕ ਹਾਲਤ ਹੁਣੇ ਹੁਣੇ ਬਦਲੀ ਹੈ ਤਾਂ ਇਨਕਮ ਰਿਵੀਊ ਹੋ ਸਕਦਾ ਹੈ।

- ਮੈਡੀਕਲ ਸੇਵਾਵਾਂ ਲਈ ਤੁਹਾਡੇ ਤੋਂ ਵਾਧੂ ਰਕਮ ਚਾਰਜ ਕੀਤੀ ਜਾ ਸਕਦੀ ਹੈ ਜੇ ਇਲਾਜ ਕਰਨ ਵਾਲੇ ਦੀ ਫੀਸ ਐੱਮ ਐੱਸ ਪੀ ਵਲੋਂ ਕਵਰ ਕੀਤੀ ਜਾਂਦੀ ਰਕਮ ਨਾਲੋਂ ਵਧ ਜਾਵੇ।

- ਐਂਬੂਲੈਂਸ ਦੀਆਂ ਫੀਸਾਂ ਐੱਮ ਐੱਸ ਪੀ ਅਧੀਨ ਇਨਸ਼ੋਰਡ ਬੈਨੇਫਿਟ ਨਹੀਂ ਹਨ। ਪਰ, ਐੱਮ ਐੱਸ ਪੀ ਵਲੋਂ ਕਵਰ ਵਿਅਕਤੀਆਂ ਲਈ ਫੀਸਾਂ 'ਤੇ ਸਬਸਿਡੀ ਬੀ ਸੀ ਐਂਬੂਲੈਂਸ ਸਰਵਿਸਿਜ਼ (ਬੀ ਸੀ ਏ ਐੱਸ) ਅਤੇ ਬ੍ਰਿਟਿਸ਼ ਕੋਲੰਬੀਆ ਸੂਬੇ ਵਲੋਂ ਦਿੱਤੀ ਜਾਂਦੀ ਹੈ।

- ਐੱਮ ਐੱਸ ਪੀ ਬਾਰੇ ਹੋਰ ਜਾਣਕਾਰੀ ਲੈਣ ਲਈ www.health.gov.bc.ca/msp 'ਤੇ ਜਾਉ ਜਾਂ 604-683-7151 'ਤੇ ਜਾਂ 1-800-663-7100 'ਤੇ ਫੋਨ ਕਰੋ।

ਮਈ 2012 (ਈ ਬੀ/ਐੱਮ ਸੀ)

**ਤੁਸੀਂ ਬੀ ਸੀ ਐਪੀਲੈਪਸੀ ਸੁਸਾਇਟੀ ਦੇ ਮੈਂਬਰ ਬਣ ਸਕਦੇ ਹੋ ਅਤੇ ਸਾਰੇ ਪ੍ਰੋਗਰਾਮਾਂ ਅਤੇ ਸਰਵਿਸ ਦੇ ਫਾਇਦੇ ਲੈ ਸਕਦੇ ਹੋ।**
**#2500-900 West 8th Avenue, Vancouver, BC V5Z 1E5**
**ਫੋਨ: (604) 875-6704 ਫੈਕਸ: (604) 875-0617 info@bcepilepsy.com www.bcepilepsy.com**